ਸਵ. ਸ. ਹਰਨੇਕ ਸਿੰਘ ਰੋਡੇ ਦੀ ਪੁਸਤਕ 'ਮੋਗਾ ਬੋਲਦਾ ਹੈ' ਦਾ ਸੱਤਵਾਂ ਕਾਂਢ ਪ੍ਰਕਾਸ਼ਿਤ ਕਰ ਰਹੇ ਹਾਂ। ਇਥੇ ਪਾਠਕਾਂ ਦੀ ਜਾਣਕਾਰੀ ਲਈ ਇਹ ਦੱਸਣਾ ਜ਼ਰੂਰੀ ਹੈ ਕਿ ਇਹ ਪੁਸਤਕ 'ਮੋਗਾ ਬੋਲਦਾ ਹੈ' 2004 ਵਿੱਚ ਪ੍ਰਕਾਸ਼ਿਤ ਹੋਈ ਸੀ। ਇਸ ਲਈ ਇਸ ਪੁਸਤਕ ਵਿੱਚ ਬਿਆਨ ਸਥਾਨ, ਜਗ੍ਹਾ ਤੇ ਇਮਾਰਤਾਂ ਬਾਰੇ 2004 ਅਨੁਸਾਰ ਹੀ ਲਿਖਿਆ ਗਿਆ ਹੈ। ਉਸ ਤੋਂ ਬਾਅਦ ਵਿੱਚ ਮੋਗਾ ਜ਼ਿਲ੍ਹੇ ਦੀਆਂ ਹੋਈਆਂ ਤਬਦੀਲੀਆਂ ਬਾਰੇ ਕੋਈ ਕਿੰਤੂ-ਪ੍ਰੰਤੂ ਨਹੀਂ ਕੀਤਾ ਜਾ ਸਕਦਾ। ਇਹ ਵੀ ਦੱਸਣਾ ਜ਼ਰੂਰੀ ਹੈ ਕਿ ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਜਾਂ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਪੁਸਤਕ ਵਿੱਚ ਪ੍ਰਕਾਸ਼ਿਤ ਲੇਖਕ ਦੇ ਆਪਣੇ ਨਿੱਜੀ ਵਿਚਾਰ ਅਸੀਂ ਇਸ ਪੁਸਤਕ ਨੂੰ ਬਿਨਾਂ ਕਿਸੇ ਕਾਟ-ਸ਼ਾਟ ਦੇ ਹੂ-ਬ-ਹੂ ਪ੍ਰਕਾਸ਼ਿਤ ਕਰ ਰਹੇ ਹਾਂ। -ਸੰਪਾਦਕ

ਮੋਗਾ ਬੋਲਦਾ ਹੈ

ਕਾਂਡ ਨੰ. 7

ਲੇਖਕ: ਸ. ਹਰਨੇਕ ਸਿੰਘ ਰੋਡੇ

ਪੇਸ਼ਕਸ਼: ਢਾਡੀ ਸਾਧੂ ਸਿੰਘ ਧੰਮੂ (ਮੋ. 98143-71922)

ਮੋਗਾ ਗਿੱਲ ਦਾ ਮੁੱਢਲਾ ਇਤਿਹਾਸ

ਰਾਜਾ ਗਣਪਾਲ ਦੇ ਕੋਈ ਔਲਾਦ ਨਹੀਂ ਸੀ। ਉਸ ਨੇ ਜੋਤਸ਼ੀਆਂ ਨੂੰ ਆਪਣੇ ਦਰਬਾਰ ਵਿਚ ਬੁਲਾਇਆ ਅਤੇ ਉਨ੍ਹਾਂ ਦੀ ਆਓ-ਭਗਤ ਕੀਤੀ। ਉਹਨਾਂ ਜੋਤਸ਼ੀਆਂ ਤੋਂ ਰਾਜੇ ਗਣਪਾਲ ਨੇ ਪੁੱਛਿਆ ਕਿ ਮੈਂ ਲੱਖ ਯਤਨ ਕੀਤੇ ਹਨ ਪਰ ਮੇਰੀ ਅੰਸ਼ ਅੱਗੇ ਨਹੀਂ ਵੱਧ ਰਹੀ। ਜੋਤਸ਼ੀਆਂ ਨੇ ਰਾਜੇ ਨੂੰ ਆਪਣੀ ਵਿੱਦਿਆ ਅਨੁਸਾਰ ਵਿਚਾਰ ਕੇ ਦੱਸਿਆ ਕਿ ਰਾਜਨ ਆਪ ਕਿਸੇ ਗਰੀਬ ਕੌਮ ਵਿਚ ਸ਼ਾਦੀ ਕਰਵਾਓ। ਵੱਖੋ-ਵੱਖਰੀਆਂ ਕੌਮਾਂ ਦੇ ਪੰਜ ਲਾਗੀ ਇਕੱਠੇ ਕਰਕੇ ਉਨ੍ਹਾਂ ਨੂੰ ਆਪਣਾ ਪ੍ਰਯੋਜਨ ਸਮਝਾਓ। ਉਹ ਜਨਤਾ ਵਿਚ ਜਾਣ ਅਤੇ ਆਪ ਦੇ ਵਾਸਤੇ ਇਸਤਰੀ ਦੀ ਚੋਣ ਕਰਕੇ ਆਉਣ।

ਰਾਜੇ ਗਣਪਾਲ ਨੇ ਸਦਰ ਗੋਤ ਦੇ ਨਾਈ ਨੂੰ ਬੁਲਾਇਆ, ਘਾਰੂ ਮਜ਼ਬੀ, ਤਰੰਜਣੀ ਬ੍ਰਾਹਮਣ, ਜੰਡੂ ਮਰਾਸੀ ਅਤੇ ਸਹਿਸਰ ਬਾਹੂ ਦੀ ਬੰਸ ਵਿੱਚੋਂ ਸਾਹਸੀ ਨੂੰ ਬੁਲਾਇਆ।

ਇਹ ਪੰਜੇ ਲਾਗੀ ਰਾਜੇ ਵਾਸਤੇ ਰਾਣੀ ਦੀ ਭਾਲ ਕਰਦੇ-ਕਰਦੇ ਪਿੰਡ ਹਠੂਰ ਦੀ ਜੂਹ ਵਿਚ ਪਹੁੰਚੇ। ਜਦ ਪਿੰਡ ਦੇ ਨੇੜੇ ਗਏ ਤਾਂ ਕੁਝ ਕੁੜੀਆਂ ਖੂਹ ਤੋਂ ਪਾਣੀ ਭਰ ਰਹੀਆਂ ਸਨ। ਉਨ੍ਹਾਂ ਨੇ ਸਾਰੀਆਂ ਲੜਕੀਆਂ ਨੂੰ ਨਿਹਾਰਿਆ ਅਤੇ ਉਹਨਾਂ ਦੀ ਨਜ਼ਰ ਇਕ ਲੜਕੀ 'ਤੇ ਪਈ ਜਿਸ ਨੇ ਇਕ ਘੜਾ ਸਿਰ 'ਤੇ ਚੁੱਕਿਆ ਹੋਇਆ ਸੀ ਅਤੇ ਦੋ ਘੜੇ ਬਗਲਾਂ ਵਿਚ ਫੜੇ ਹੋਏ ਸਨ।

ਲਾਗੀ ਕੁੜੀ ਦਾ ਕੱਠ ਕਾਠ ਅਤੇ ਭਰਿਆ ਜੋਬਨ ਵੇਖ ਕੇ ਹੈਰਾਨ ਰਹਿ ਗਏ। ਪੰਜੇ ਲਾਗੀ ਹੌਲੀ-ਹੌਲੀ ਲੜਕੀ ਮਗਰ ਚੱਲ ਪਏ ਅਤੇ ਗਰੀਬ ਭੁੱਲਰ ਦੇ ਘਰ ਪਹੁੰਚ ਗਏ। ਇਹਨਾਂ ਨੇ ਗਰੀਬ ਭੁੱਲਰ ਨੂੰ ਆਪਣੇ ਆਉਣ ਦਾ ਪ੍ਰਯੋਜਨ ਦੱਸਿਆ ਤਾਂ ਗਰੀਬ ਭੁੱਲਰ ਨੇ ਆਪਣੀ ਆਰਥਿਕ ਹਾਲਤ ਦੱਸ ਕੇ ਇਨਕਾਰ ਕਰ ਦਿੱਤਾ। ਸ਼ਾਮ ਦਾ ਵੇਲਾ ਸੀ ਗਰੀਬ ਭੁੱਲਰ ਨੇ ਆਏ ਲਾਗੀਆਂ ਦੀ ਸੇਵਾ ਲਈ ਆਪਣੀ ਮੱਝ ਚੋਣ ਲਈ ਕੱਟਾ ਛੱਡਿਆ। ਮੱਝ ਪਸਮਾ ਕੇ ਉਹ ਧਾਰ ਚੋਣ ਲੱਗ ਪਿਆ। ਕੱਟੇ ਨੇ ਦੁੱਧ ਚੁੰਘਣ ਦੀ ਲਾਲਸਾ ਵਿਚ ਰੱਸਾ ਤੁੜਵਾ ਲਿਆ। ਉਦੋਂ ਹੀ ਗਰੀਬੂ ਦੀ ਕੁੜੀ ਤਿੰਨੇ ਤੌੜੇ ਪਾਣੀ ਦੇ ਭਰ ਕੇ ਮੌਕੇ 'ਤੇ ਹੀ ਆ ਗਈ। ਕੁੜੀ ਨੇ ਤਿੰਨੇ ਤੌੜਿਆਂ ਸਮੇਤ ਹੀ ਕੱਟੇ ਦੇ ਰੱਸੇ ਨੂੰ ਪੈਰਾਂ ਦੀਆਂ ਉਂਗਲਾਂ ਵਿਚ ਫਸਾ ਕੇ ਫੜੀ ਰੱਖਿਆ, ਜਿੰਨਾਂ ਚਿਰ ਉਸ ਦੇ ਬਾਪੂ ਨੇ ਧਾਰ ਨਹੀਂ ਕੱਢ ਲਈ ਸੀ।

ਜਦ ਧਾਰ ਕੱਢ ਲਈ ਤਾਂ ਉਸ ਨੇ ਕੱਟੇ ਨੂੰ ਛੱਡ ਕੇ ਫੇਰ ਹੀ ਤਿੰਨੇ ਤੌੜੇ ਸਿਰ ਅਤੇ ਬਗਲਾਂ ਵਿੱਚੋਂ ਉਤਾਰੇ। ਇਸ ਜ਼ੋਰ ਅਤੇ ਸਿਆਣਪ ਵਾਲੀ ਘਟਨਾ ਨੂੰ ਤੱਕ ਕੇ ਲਾਗੀਆਂ ਨੇ ਪੱਕੀ ਧਾਰ ਲਈ ਸੀ ਕਿ ਉਹ ਰਿਸ਼ਤਾ ਲੈ ਕੇ ਹੀ ਜਾਣਗੇ। ਚਾਹ ਪਾਣੀ ਤੋਂ ਬਾਅਦ ਫੇਰ ਗੱਲ ਨੂੰ ਦੁਹਰਾਇਆ ਗਿਆ ਤਾਂ ਗਰੀਬੂ ਭੁੱਲਰ ਨੇ ਆਪਣੀ ਪੁੱਤਰੀ ਦੀ ਸਲਾਹ ਲੈਣ ਲਈ ਉਸ ਨੂੰ ਪੁੱਛਿਆ ਤਾਂ ਲੜਕੀ ਨੇ ਹਾਂ ਜ਼ਰੂਰ ਕਰ ਦਿੱਤੀ ਪਰ ਆਪਣੀਆਂ ਤਿੰਨ ਸ਼ਰਤਾਂ ਰੱਖੀਆਂ। ਬਰਾਤ ਆਵੇ ਪਰ ਨਾ ਪੈਦਲ ਨਾ ਸਵਾਰ, ਬਰਾਤ ਆਵੇ ਪਰ ਨਾ ਧੁੱਪੇ ਨਾ ਛਾਂਵੇਂ, ਬਰਾਤ ਆਵੇ ਨਾ ਭੁੱਖੀ ਨਾ ਰੱਜੀ।

ਪੰਜੇ ਲਾਗੀ ਵਾਪਿਸ ਰਾਜੇ ਗਣਪਾਲ ਦੇ ਦਰਬਾਰ ਵਿਚ ਜਾ ਹਾਜ਼ਰ ਹੋਏ ਅਤੇ ਸਾਰੀ ਬੀਤੀ ਵਿਥਿਆ ਸੁਣਾਈ ਅਤੇ ਸ਼ਰਤਾਂ ਦੱਸ ਦਿੱਤੀਆਂ। ਰਾਜੇ ਗਣਪਾਲ ਨੇ ਢੰਡੋਰਾ ਫੇਰ ਦਿੱਤਾ ਕਿ ਜੋ ਇਹਨਾਂ ਸ਼ਰਤਾਂ ਨੂੰ ਹੱਲ ਕਰਨ ਬਾਰੇ ਦੱਸੇਗਾ ਉਸਨੂੰ ਮੂੰਹ ਮੰਗਿਆ ਇਨਾਮ ਦਿੱਤਾ ਜਾਵੇਗਾ।

ਇਹ ਸ਼ਰਤਾਂ ਪੂਰੀਆਂ ਕਰਨ ਲਈ ਇਕ ਸਿੱਕਰੀਵਾਸ ਸਾਂਹਸੀ ਆਇਆ। ਉਸ ਨੇ ਤਿੰਨੇ ਸ਼ਰਤਾਂ ਪੂਰੀਆਂ ਕਰਨ ਦਾ ਭੇਦ ਰਾਜੇ ਨੂੰ ਦੱਸ ਦਿੱਤਾ।

ਜਦ ਰਾਜੇ ਨੇ ਕਿਹਾ ਕਿ ਜੋ ਮੰਗੋਗੇ ਉਹੀ ਪ੍ਰਾਪਤ ਹੋਵੇਗਾ ਤਾਂ ਉਸ ਸਾਂਹਸੀ ਨੇ ਮਾਣ-ਤਾਣ ਮੰਗਿਆ ਸੀ। ਰਾਜੇ ਨੇ ਉਸ ਦਾ ਬਚਨ ਪੂਰਾ ਕੀਤਾ। ਉਦੋਂ ਤੋਂ ਲੈ ਕੇ ਹੁਣ ਤੱਕ ਜਦ ਵੀ ਸਾਂਹਸੀ ਮਰਾਸੀ ਗਿੱਲ ਖਾਨ ਦੇ ਘਰਾਂ ਵਿਚ ਜਾਂਦੇ ਹਨ ਇਨ੍ਹਾਂ ਦਾ ਮਾਣ-ਤਾਣ ਪੂਰਾ ਹੁੰਦਾ ਹੈ। ਉਹ ਬਚਨ ਚੱਲ ਰਿਹਾ ਹੈ।

ਸਾਂਹਸੀ ਮਰਾਸੀ ਨੇ ਸ਼ਰਤਾਂ ਇਸ ਪ੍ਰਕਾਰ ਪੂਰੀਆਂ ਕੀਤੀਆਂ ਸਨ। ਇਹ ਉਸ ਸਮੇਂ ਦੀ ਗੱਲ ਹੈ ਜਦੋਂ ਸਮੁੰਦਰ ਬਠਿੰਡੇ ਵਾਲੇ ਕਿਲ੍ਹੇ ਦੇ ਨਾਲ ਦੀ ਵਗਦਾ ਹੁੰਦਾ ਸੀ ਅਤੇ ਹਠੂਰ ਕੋਲ ਦੀ ਲੰਘ ਕੇ ਅੱਗੇ ਲੁਧਿਆਣੇ ਕੋਲ ਦੀ ਵੱਗਦਾ ਸੀ।

ਰਾਜਾ ਪਹਿਲੀ ਸ਼ਰਤ - ਜੰਨ ਲੱਕੜ ਦੀਆਂ ਬੇੜੀਆਂ ਵਿਚ ਜਾਵੇ। ਇਹ ਨਾ ਪੈਦਲ ਹੋਵੇਗੀ ਅਤੇ ਨਾ ਹੀ ਸਵਾਰ (ਯਾਨੀ ਨਾ ਹਾਥੀ ਨਾ ਘੋੜਾ)।

ਦੂਜੀ ਸ਼ਰਤ - ਬੇੜੀਆਂ ਉੱਪਰ ਛਾਨਣੀਆਂ ਦੀ ਤਰ੍ਹਾਂ ਛੱਪ ਪਾ ਲਈ ਜਾਵੇ ਤਾਂ ਉਸ ਵਿਚ ਨਾਂ ਤਾਂ ਪੂਰੀ ਧੁੱਪ ਲੱਗੇਗੀ ਅਤੇ ਨਾ ਹੀ ਪੂਰੀ ਛਾਂ।

ਤੀਜੀ ਸ਼ਰਤ - ਫੋਕੀਆਂ ਫੁੱਲੀਆਂ ਨਾਲ ਲੈ ਲਵੋ। ਇਹ ਖਾਣ ਨਾਲ ਨਾ ਆਦਮੀ ਰੱਜਦਾ ਹੈ ਤੇ ਨਾ ਹੀ ਭੁੱਖਾ ਰਹਿੰਦਾ ਹੈ।

ਇਸ ਤਰ੍ਹਾਂ ਇਨ੍ਹਾਂ ਸ਼ਰਤਾਂ ਨੂੰ ਪੂਰਾ ਕਰਕੇ ਰਾਜੇ ਗਣਪਾਲ ਨੇ ਭੁੱਲਰਾਂ ਦੀ ਧੀ ਬੀਬੀ ਧੱਖੀ ਨਾਲ ਵਿਆਹ ਕਰਵਾਇਆ। ਜਿਸ ਦੇ ਪੇਟੋਂ ਗਿੱਲ ਪਾਲ ਨੇ ਜਨਮ ਲਿਆ ਸੀ।

ਗਿੱਲ ਪਾਲ ਦੇ ਜਨਮ ਸਬੰਧੀ ਸਾਂਸੀ ਮਰਾਸੀਆਂ ਦੀਆਂ ਵੱਖ-ਵੱਖ ਕਾਲਪਨਿਕ ਕਥਾ ਕਹਾਣੀਆਂ ਹਨ। ਪੁਰਾਤਨ ਦੇ ਅਨਪੜ੍ਹ ਲੋਕਾਂ ਨੂੰ ਸੱਚੀਆਂ ਵੀ ਜਾਪਦੀਆਂ ਸਨ। ਪਰ ਅੱਜ ਦੇ ਵਿਗਿਆਨਿਕ ਯੁੱਗ ਵਿਚ ਇਹ ਬੋਦੀਆਂ ਥੋਥੀਆਂ ਹੀ ਜਾਪਦੀਆਂ ਹਨ।

ਇਕ ਹੋਰ ਕਾਲਪਨਿਕ ਰਵਾਇਤ ਅਨੁਸਾਰ ਰਾਜਾ ਗਣਪਾਲ ਦੇ ਪੁੱਤਰ ਨਹੀਂ ਸੀ। ਰਾਜਾ ਗਣਪਾਲ ਨੇ ਆਪਣੇ ਰਾਜ ਭਾਗ ਦੀ ਵਾਂਗਡੋਰ ਸੰਭਾਲਣ ਲਈ ਭੁੱਲਰ ਕਬੀਲੇ ਦੀ ਜੱਟੀ ਨਾਲ ਵਿਆਹ ਕਰਵਾ ਲਿਆ। ਜਦ ਉਸ ਭੁੱਲਰ ਜੱਟੀ ਦੇ ਪੇਟੋਂ ਬੱਚਾ ਪੈਦਾ ਹੋਣ ਦੀ ਆਸ ਰਾਜਾ ਗਣਪਾਲ ਨੂੰ ਬੱਝੀ ਤਾਂ ਰਾਜ ਮਹਿਲ ਵਿਚ ਖੁਸ਼ੀ ਦੇ ਜਸ਼ਨ ਕੀਤੇ ਗਏ। ਇਹਨਾਂ ਜਸ਼ਨਾਂ ਵਿਚ ਸਾਰੀਆਂ ਰਾਜਪੂਤ ਰਾਣੀਆਂ ਦਾ ਸਤਿਕਾਰ ਕੀਤਾ ਗਿਆ ਪਰ ਭੁੱਲਰ ਜੱਟੀ ਨੂੰ ਇਕ ਵੱਖਰਾ ਸਨਮਾਨ ਪ੍ਰਾਪਤ ਹੋਇਆ। ਜਿਸ ਤੋਂ ਦੂਜੀਆਂ ਰਾਜਪੂਤ ਰਾਣੀਆਂ ਉਸ ਨਾਲ ਈਰਖਾ ਰੱਖਣ ਲੱਗ ਪਈਆਂ ਸਨ। ਜਦ ਉਸ ਭੁੱਲਰ ਜੱਟੀ ਦੇ ਪੇਟੋਂ ਬੱਚਾ ਪੈਦਾ ਹੋਇਆ ਤਾਂ ਰਾਜਾ ਗਣਪਾਲ ਉਸ ਸਮੇਂ ਜੰਗੇ ਮੈਦਾਨ ਵਿਚ ਸੀ। ਰਾਜਪੂਤ ਰਾਣੀਆਂ ਨੇ ਈਰਖਾ ਵੱਸ ਹੋ ਕੇ ਉਸ ਨਵ ਜੰਮੇ ਬਾਲ ਨੂੰ ਜੰਗਲ ਵਿਚ ਸੁਟਵਾ ਦਿੱਤਾ ਸੀ। ਇਸ ਸਾਜ਼ਿਸ਼ ਵਿਚ ਰਾਜੇ ਦਾ ਵਜ਼ੀਰ ਰਤਨ ਲਾਲ ਮੁੱਖ ਸੀ।

ਸ਼ਿਕਾਰ ਦੀ ਭਾਲ ਵਿਚ ਫਿਰਦੇ ਜੰਗਲੀ ਵਸ਼ਿੰਦਿਆਂ ਨੇ ਉਸ ਬਾਲ ਨੂੰ ਚੁੱਕ ਲਿਆ ਅਤੇ ਉਸ ਦਾ ਪਾਲਣ ਪੋਸ਼ਣ ਕਰਨ ਲੱਗੇ।

ਕੁਝ ਸਮੇਂ ਬਾਦ ਰਾਜਾ ਜੰਗ ਤੋਂ ਵਿਹਲਾ ਹੋ ਕੇ ਜਦ ਵਾਪਿਸ ਆਇਆ ਤਾਂ ਵਜ਼ੀਰ ਰਤਨਪਾਲ ਨੇ ਮ੍ਰਿਤਕ ਬੱਚੇ ਪੈਦਾ ਹੋਣ ਦੀ ਸਾਰੀ ਘਟਨਾ ਰਾਜੇ ਨੂੰ ਦੱਸੀ। ਉਸ ਦਿਨ ਤੋਂ ਹੀ ਰਾਜਾ ਗਮਗੀਣ ਹਾਲਤ ਵਿਚ ਰਹਿਣ ਲੱਗ ਪਿਆ ਸੀ। ਇਕ ਰੋਜ਼ ਰਾਜਾ ਸ਼ਿਕਾਰ ਕਰਨ ਲਈ ਜੰਗਲਾਂ ਵਿਚ ਗਿਆ। ਉੱਧਰ ਜੰਗਲੀ ਵਸ਼ਿੰਦੇ ਵੀ ਸ਼ਿਕਾਰ ਕਰਨ ਲਈ ਜੰਗਲ ਵਿਚ ਆਏ ਤਾਂ ਉਨ੍ਹਾਂ ਜੰਗਲੀ ਵਸ਼ਿੰਦਿਆਂ ਨੇ ਰਾਜੇ ਨੂੰ ਜੰਗਲ ਵਿਚੋਂ ਬੱਚਾ ਲੱਭਣ ਦੀ ਸਾਰੀ ਕਹਾਣੀ ਸੁਣਾਈ ਅਤੇ ਨਾਲ ਹੀ ਉਹਨਾਂ ਨੇ ਦੱਸਿਆ ਕਿ ਇਹ ਬੱਚਾ ਸ਼ਾਹੀ ਦੁਸ਼ਾਲੇ ਵਿਚ ਲਪੇਟਿਆ ਹੋਇਆ ਸੀ। ਰਾਜੇ ਨੇ ਆਪਣੇ ਅਹਿਲਕਾਰਾਂ ਰਾਹੀਂ ਉਸ ਬੱਚੇ ਨੂੰ ਮੰਗਵਾਇਆ। ਪੁੱਤਰ ਹੀਣ ਹੋਣ ਕਰਕੇ ਉਸ ਨੂੰ ਪੁੱਤਰ ਲਾਲਸਾ ਜਾਗ ਪਈ ਸੀ।

ਜਦ ਉਸ ਦੇ ਅਹਿਲਕਾਰ ਉਸ ਬੱਚੇ ਨੂੰ ਰਾਜੇ ਕੋਲ ਲੈ ਕੇ ਆਏ ਤਾਂ ਰਾਜਾ ਬੱਚੇ 'ਤੇ ਇਕੋ ਨਜ਼ਰ ਪਾ ਕੇ ਹੀ ਅਨੰਦ ਪ੍ਰਸੰਨ ਹੋ ਗਿਆ। ਜਦ ਰਾਜੇ ਨੇ ਸ਼ਾਹੀ ਦੁਸ਼ਾਲੇ ਦਾ ਨਿਰੀਖਣ ਕੀਤਾ ਤਾਂ ਰਾਜੇ ਨੂੰ ਇਹ ਬੱਚਾ ਕਿਸੇ ਸ਼ਾਹੀ ਘਰਾਣੇ ਦਾ ਜਾਪਿਆ। ਰਾਜੇ ਨੇ ਉਹਨਾਂ ਜੰਗਲੀ ਵਾਸ਼ਿੰਦਿਆਂ ਤੋਂ ਬੱਚਾ ਪ੍ਰਾਪਤ ਕਰਕੇ ਰਾਜ ਮਹਿਲਾਂ ਵਿਚ ਲੈ ਆਂਦਾ। ਰਾਜ ਮਹਿਲਾਂ ਵਿਚ ਪਹੁੰਚ ਕੇ ਰਾਜੇ ਨੇ ਉਸ ਸ਼ਾਹੀ ਦੁਸ਼ਾਲੇ ਦਾ ਪੂਰਾ ਨਿਰੀਖਣ ਕੀਤਾ ਤਾਂ ਉਸ ਬੱਚੇ ਦੇ ਨੈਣ-ਨਕਸ਼ ਰਾਜੇ ਦੀ ਅੰਦਰੂਨੀ ਖਿੱਚ ਜਿਹੀ ਬਣ ਗਏ ਸਨ। ਰਾਜੇ ਨੇ ਸੋਚਿਆ ਕਿ ਇਹ ਬੱਚਾ ਕਿਸੇ ਈਰਖਾ ਦਾ ਸ਼ਿਕਾਰ ਹੋਇਆ ਹੈ। ਹੌਲੀ-ਹੌਲੀ ਰਾਜੇ ਨੂੰ ਇਸ ਰਚੀ ਗਈ ਸਾਜ਼ਿਸ਼ ਦਾ ਪਤਾ ਲੱਗ ਗਿਆ ਕਿ ਉਸ ਦੇ ਰਤਨ ਲਾਲ ਵਜ਼ਾਰ ਨੇ ਲਾਲਚ ਵੱਸ ਹੋ ਕੇ ਇਸ ਬੱਚੇ ਨੂੰ ਮਾਰਨ ਦੀ ਸਾਜ਼ਿਸ਼ ਰਚੀ ਸੀ।

ਵਜ਼ੀਰ ਰਤਾ ਲਾਲ ਮੌਤ ਤੋਂ ਡਰਦਾ ਬਠਿੰਡਾ ਛੱਡ ਕੇ ਭੱਜ ਗਿਆ। ਬਗਦਾਦ ਜਾ ਕੇ ਮੁਸਲਮਾਨ ਧਰਮ ਧਾਰਨ ਕੀਤਾ ਅਤੇ ਮੱਕੇ ਦਾ ਹੱਜ ਕਰਕੇ ਹਾਜੀ ਰਤਨ ਕਰਕੇ ਮਸ਼ਹੂਰ ਹੋ ਗਿਆ।

ਜੰਗਲੀ ਵਾਸ਼ਿੰਦਿਆਂ ਦੇ ਦੱਸਣ ਮੁਤਾਬਿਕ ਇਹ ਬੱਚਾ ਗਿੱਲੇ ਦੁਸ਼ਾਲੇ ਵਿਚ ਮਿਲਿਆ ਸੀ। ਰਾਜੇ ਨੇ ਇਸ ਵਿਚਾਰ ਨੂੰ ਹੀ ਮੁੱਖ ਰੱਖ ਕੇ ਬੱਚੇ ਦਾ ਨਾਮ ਗਿੱਲ ਪਾਲ ਰੱਖਿਆ ਜੋ ਵੱਡਾ ਹੋ ਕੇ ਗਿੱਲ ਪਾਲ ਦੇ ਨਾਂ ਨਾਲ ਮਸ਼ਹੂਰ ਹੋਇਆ।

ਇਸ ਹਾਜੀ ਰਤਨ ਨੇ ਬਗਦਾਦ ਦੇ ਖਲੀਫੇ ਨਾਲ ਮਿਲ ਕੇ ਭਟਨੇਟ ਅਤੇ ਗੜ੍ਹ ਬੀਠਲੀ ਨੂੰ ਤਬਾਹ ਕਰ ਦਿੱਤਾ। ਇਸ ਨਾਲ ਬਠਿੰਡਾ ਰਾਜ ਦੀਆਂ ਜੜ੍ਹਾਂ ਪੋਲੀਆਂ ਹੋ ਗਈਆਂ। ਇਸ ਲੜਾਈ ਵਿਚ ਭੱਟੀਆਂ ਨੇ ਆਪਣਾ ਬਦਲਾ ਲੈਣ ਲਈ ਹਾਜੀ ਰਤਨ ਦੀ ਮੱਦਦ ਕੀਤੀ ਸੀ। ਬਠਿੰਡੇ ਵਿਚ ਹਾਜੀ ਰਤਨ ਨੇ ਆਪਣਾ ਛਾਇਆ ਸਿੱਕਾ ਚਲਾਇਆ ਤੇ ਫਕੀਰ ਬਣ ਕੇ ਬੈਠ ਗਿਆ।

ਰਾਜਾ ਗਣਪਾਲ ਨੇ ਲਾਹੌਰ, ਜਿਹੜੀ ਉਸ ਦੀ ਪ੍ਰਤੀਨਿਧ ਰਾਜਧਾਨੀ ਸੀ ਉਸ ਨੂੰ ਆਪਣੀ ਪੱਕੀ ਰਾਜਧਾਨੀ ਬਣਵਾ ਲਿਆ ਅਤੇ ਰਾਜ ਕਰਨ ਲੱਗਾ। ਇਸ ਬੰਸ ਦੇ ਰਾਜਿਆਂ ਦੀ ਰਾਜਧਾਨੀ ਬਠਿੰਡਾ ਤੋਂ ਬਦਲ ਕੇ ਲਾਹੌਰ ਚਲੀ ਗਈ ਅਤੇ ਇਹ ਸਤਲੁਜ ਵੱਲ ਦੇ ਮਾਲਵੇ 'ਤੇ ਰਾਜ ਕਰਨ ਲੱਗੇ। ਇਸ ਬੰਸ ਦਾ ਆਖਰੀ ਰਾਜਾ ਜੈਪਾਲ ਹੋਇਆ ਹੈ। ਇਹ ਮਹਿਮੂਦ ਸਮੇਂ ਦਾ ਬਾਦਸ਼ਾਹ ਸੀ। ਇਹ ਮਹਿਮੂਦ ਨਾਲ 1008 ਈ. ਵਿਚ ਲੜਿਆ ਸੀ।

ਬਠਿੰਡੇ ਦੀ ਜਿੱਤ ਨਾਲ ਲੱਖੀ ਭੱਟੀ ਜੋ ਮੰਗਲ ਰਾਓ ਦਾ ਭਤੀਜਾ ਸੀ ਤੇ ਲੱਖੀ ਜੰਗਲ ਦੇ ਸੌ ਪਿੰਡਾਂ ਦੀ ਚੌਧਰ ਕਰਦਾ ਸੀ 'ਰਤਨ ਹਾਜੀ' ਦੀ ਪ੍ਰੇਰਨਾ ਨਾਲ ਮੁਸਲਮਾਨ ਰੌਸ਼ਨ ਅਲੀ ਨੇ ਵੀ ਗਿੱਲਾਂ ਦੀ ਸ਼ਕਤੀ ਨੂੰ ਬਹੁਤ ਢਾਅ ਲਾਈ ਸੀ। ਬਠਿੰਡੇ ਤੋਂ ਉੱਜੜ ਕੇ ਗਿੱਲ ਖਾਨਦਾਨ ਅਨੇਕਾਂ ਜਗ੍ਹਾ ਜਾ ਵਸਿਆ। ਜਿਵੇਂ ਸਰੋਈਆ, ਅੰਬਾਲਾ, ਮਾਝਾ, ਸਭਰਾਵਾਂ, ਤਲਵੰਡੀਆਂ ਇਲਾਕਾ ਫਿਰੋਜ਼ਪੁਰ ਆਦਿ ਵਿਚ ਜਾ ਵਸੇ।

ਇਸ ਲੜਾਈ ਵਿਚ ਗਿੱਲ ਕਿਆਂ ਦੀ ਮੱਦਦ ਨੱਥੂ ਸਿੱਧ ਨੇ ਕੀਤੀ ਸੀ। ਗਿੱਲ ਆਪਣੇ ਪੁੱਤਰਾਂ ਸਮੇਤ ਨਥਾਣੇ ਚਲਾ ਗਿਆ ਸੀ। ਨਥਾਣੇ ਤੋਂ ਚੱਲ ਕੇ ਇਹ ਕੌਮ 'ਟਾਂਡੇ ਮੀਂਡੇ' ਪਿੰਡ ਵਸਾ ਕੇ ਰਹਿਣ ਲੱਗੀ। (ਜਿਸ ਦਾ ਥੇਹ ਵੈਰੋਕਿਆਂ ਕੋਲ ਜ਼ਿਲ੍ਹਾ ਮੋਗਾ ਵਿਖੇ ਹੈ)।

ਰਤਨ ਲਾਲ, ਰਤਨ ਹਾਜੀ ਅਖਵਾ ਕੇ ਫਕੀਰ ਦਾ ਰੂਪ ਧਾਰ ਕੇ ਬਠਿੰਡਾ ਏਰੀਏ ਨੂੰ ਆਪਣਾ ਗੜ੍ਹ ਕਹਿੰਦਾ ਸੀ। ਇਹ ਸਿੱਧਾਂ ਨਾਲ ਹਮੇਸ਼ਾ ਈਰਖਾ ਰੱਖਦਾ ਸੀ। ਜੋ ਵੀ ਕੌਮਾਂ ਇਹਨਾਂ ਸਿੱਧਾਂ ਦੀਆਂ ਉਪਾਸ਼ਕ ਸਨ, ਉਹਨਾਂ ਨੂੰ ਬਰਬਾਦ ਕਰਨ ਲਈ ਇਹ ਖ਼ਲੀਫਿਆਂ ਨੂੰ ਉਕਸਾਉਂਦਾ ਰਹਿੰਦਾ ਸੀ।

'ਟਾਂਡੇ ਮੀਂਡੇ' ਵਿਖੇ ਗਿੱਲਾਂ ਦੀ ਹੋਈ ਚੜ੍ਹਤ ਰਤਨ ਹਾਜੀ ਤੋਂ ਜਰੀ ਨਾ ਗਈ। ਰਤਨ ਹਾਜੀ ਨੇ ਲੱਖੀ ਭੱਟੀ ਕਿਆਂ ਨੂੰ ਇਸ ਟਾਂਡੇ ਮੀਂਡੇ ਦੀ ਚੌਧਰ ਦੇਣ ਦਾ ਲਾਰਾ ਲਾ ਕੇ ਅਤੇ ਖ਼ਲੀਫੇ ਨੂੰ ਜਾ ਭੜਕਾਇਆ ਕਿ ਇਹ ਗਿੱਲ ਸਿੱਧਾਂ ਦੇ ਉਪਾਸ਼ਕ ਬਣ ਕੇ ਇਸਲਾਮੀ ਸ਼ਰ੍ਹਾ ਦੀ ਨਿੰਦਿਆ ਕਰਦੇ ਹਨ।

ਇਸ ਟਾਂਡੇ ਮੀਂਡੇ ਦੇ ਅਸਥਾਨ 'ਤੇ ਬੜੀ ਘਮਸਾਨ ਦੀ ਲੜਾਈ ਹੋਈ। ਜਿਸ ਵਿਚ ਬੈਰਾੜਾਂ ਭੱਟੀਆਂ ਨੇ ਖ਼ਲੀਫੇ ਦੀ ਮੱਦਦ ਕੀਤੀ ਸੀ। ਗਿੱਲਾਂ ਦੀ ਮੱਦਦ ਧਾਲੀਵਾਲਾਂ ਨੇ ਕੀਤੀ ਸੀ। ਗਿੱਲ ਫਿਰ ਇਥੋਂ ਉੱਜੜ ਗਏ ਅਤੇ ਦੱਖਣ-ਪੱਛਮ ਦੀ ਕੁੱਤਰ ਵੱਲ ਨੂੰ ਇਹਨਾਂ ਦਾ ਨਿਕਾਸ ਹੋਇਆ।

ਗਿੱਲ ਪਾਲ ਦੇ ਬਾਰਾਂ ਪੁੱਤਰ ਸੀ। ਇਸ ਦੂਹਰੀ ਤਬਾਹੀ ਨੇ ਇਹਨਾਂ ਨੂੰ ਜੂਹਾਂ ਦਿਸ਼ਾਵਾਂ ਵੱਲ ਖਿਲਾਰ ਦਿੱਤਾ।

ਗਿੱਲ ਦਾ ਸੋਭਰਾ ਪੁੱਤਰ ਦਰਿਆ ਸਤਲੁਜ ਵੱਲ ਚਲਾ ਗਿਆ। ਉਸ ਦੀ ਔਲਾਦ ਲੌਂਗੇਦੇਵਾ, ਜ਼ੀਰਾ, ਪੰਜਗਰਾਈਆਂ ਵਿਚ ਆਬਾਦ ਹੈ।

ਤ੍ਰਿਲੋਕਾ ਪੁੱਤਰ ਦੇ ਇਲਾਕੇ ਫਰੀਦਕੋਟ ਵਿਚ ਪਿੱਪਲੀ, ਸ਼ਕੂਰ ਹਸਨ ਪੱਟੀ ਆਦਿ ਪਿੰਡ ਆਬਾਦ ਹਨ।

ਪੁੱਤਰ ਸ਼ੇਰਗਿੱਲ, ਸ਼ਾਹੀ ਗਿੱਲ, ਕੁੱਕ ਗਿੱਲ ਅਤੇ ਰਘ ਗਿੱਲ। ਇਹਨਾਂ ਦੀ ਬੰਸ ਮਾਝੇ ਵਿਚ ਆਬਾਦ ਹਨ।

ਕੇਸਰਾ ਅਤੇ ਬਹਾਦਰਾ ਲਾਵਦ ਗਏ। ਇਹਨਾਂ ਦੀ ਕੋਈ ਵੰਸ਼ ਨਹੀਂ।

ਧਰਮਪਾਲ ਦੀ ਔਲਾਦ ਛੋਟੀਆਂ ਜਾਤਾਂ ਵਿਚ ਚਲੀ ਗਈ। ਇਹ ਜ਼ਿਆਦਾ ਨਾਈਂ ਦਾ ਕੰਮ ਕਰਦੇ ਹਨ।

ਸਪਰਾ ਗਿੱਲ ਦੀ ਔਲਾਦ ਚਨਾਬ ਦੇ ਹੇਠਲੇ ਹਿੱਸੇ ਵਿਚ ਆਬਾਦ ਹਨ।

ਗਿੱਲ ਪਾਲ ਦੇ ਤਿੰਨ ਭਰਾਵਾਂ ਦੀ ਅੰਸ਼ ਵੀ ਬਹੁਤ ਵਧੀ। ਇਹ ਝੋਰੜ ਗਿੱਲ ਕਰਕੇ ਬਹੁਤ ਮਸ਼ਹੂਰ ਹਨ।

ਗਿੱਲ ਪਾਲ ਦੇ ਬਾਹਰਵੇਂ ਪੁੱਤਰ ਦੀ ਵੰਸ਼ ਜੱਜ ਗਿੱਲ ਕਰਕੇ ਬਹੁਤ ਵਧੀ ਜਿਸਨੂੰ ਵਧਣ ਗਿੱਲ ਕਿਹਾ ਜਾਂਦਾ ਹੈ। ਇਸ ਵਿਚੋਂ 42 ਪਿੰਡ ਆਬਾਦ ਹੋਏ।

ਅੱਗੇ ਗਿੱਲ ਪਾਲ ਦਾ ਜੱਜ ਪੁੱਤਰ ਚੌਧਰੀ ਹੋਇਆ। ਇਸ ਬਾਰੇ ਸੁਣਿਆ ਕਿ ਇਹ ਛੋਟਾ ਹੁੰਦਾ ਬੜਾ ਦਿਮਾਗੀ ਸੀ। ਛੋਟੀ ਉਮਰ ਵਿਚ ਹੀ ਵੱਡੇ ਬਜ਼ੁਰਗਾਂ ਵਾਲੀਆਂ ਗੱਲਾਂ ਕਰਿਆ ਕਰਦਾ ਸੀ। ਜਦ ਗਿੱਲਪਾਲ ਆਪਣੇ ਫੈਸਲੇ ਕਰਦਾ ਹੁੰਦਾ ਸੀ ਤਾਂ ਜੱਜ ਨਿੱਕਾ ਹੁੰਦਾ ਹੀ ਆਪਣੇ ਪਿਤਾ ਨਾਲ ਦਰਬਾਰ ਵਿਚ ਜਾਂਦਾ ਹੁੰਦਾ ਸੀ। ਇਸ ਦਾ ਨਾਮ ਕੋਈ ਹੋਰ ਸੀ ਪਰ ਪਿਤਾ ਨੇ ਇਸ ਨੂੰ ਜੱਜ ਕਹਿ ਕੇ ਪੁਕਾਰਨਾ, ਇਸ ਕਰਕੇ ਇਸ ਦਾ ਨਾਂਅ ਜੱਜ ਪੁੱਤਰ ਗਿੱਲ ਮਸ਼ਹੂਰ ਹੋਇਆ। ਬੰਸਾਵਲੀ ਦੀ ਚੌਧਰ ਵੀ ਇਸ ਨੂੰ ਹੀ ਪ੍ਰਾਪਤ ਹੋਈ।

ਜੱਜ ਦਾ ਪੁੱਤਰ ਅੱਗੇ ਭੇਖ ਹੋਇਆ। ਜਿਸ ਨੂੰ ਪਿਤਾ ਪੁਰਖੀ ਚੌਧਰ ਪ੍ਰਾਪਤ ਹੋਈ। ਇਹ ਭੇਖ ਸਾਧੂ ਸੁਭਾਅ ਵਾਲਾ ਦਿਆਲੂ ਧਰਮਾਤਮਾ ਪੁਰਖ ਸੀ। ਇਸ ਨੇ ਆਪਣਾ ਸਮਾਂ ਸਾਧੂ ਸੰਤਾਂ, ਸਿੱਧਾਂ ਕੋਲ ਹੀ ਗੁਜ਼ਾਰਿਆ। ਚੌਧਰ ਦੀ ਦਸਤਾਰ ਪ੍ਰਾਪਤ ਕੀਤੀ ਪਰ ਚੌਧਰੀਆਂ ਵਾਂਗੂੰ ਅਧਿਕਾਰ ਨਹੀਂ ਵਰਤੇ, ਭਗਤੀ ਭਾਵਨਾ ਵਿਚ ਹੀ ਮਸਤ ਰਿਹਾ।

ਭੇਖ ਦਾ ਅੱਗੇ ਪੁੱਤਰ ਮਹੱਲ ਹੋਇਆ। ਜਿਸ ਨੂੰ ਚੌਧਰ ਪ੍ਰਾਪਤ ਹੋਈ. ਇਸ ਚੌਧਰੀ ਦਾ ਕੱਦ ਸੱਤ ਫੁੱਟ ਤੋਂ ਵੀ ਜ਼ਿਆਦਾ ਸੀ। ਨਿੱਗਰ ਨਰੋਆ ਸਰੀਰ ਹੋਣ ਕਰਕੇ ਇਹ ਦੂਰ-ਦੂਰ ਤੱਕ ਮਸ਼ਹੂਰ ਸੀ। ਇਸ ਨੇ ਸ਼ਾਹੀ ਮਹਿਲਾਂ ਵਾਂਗੂੰ ਆਪਣੀ ਦਿੱਖ ਵੱਖਰੀ ਹੀ ਰੱਖੀ ਸੀ। ਇਸ ਨੇ ਸ਼ਾਹੀ ਦੁਸ਼ਾਲੇ ਪਹਿਨ ਕੇ ਆਪਣੇ ਵੱਡਿਆਂ ਦੀ ਰੀਸ ਕੀਤੀ। ਆਪਣੀ ਚੌਧਰ ਦੀ ਧਾਂਕ ਦੂਰ-ਦੂਰ ਤੱਕ ਫੈਲਾਈ।

(ਚੱਲਦਾ)